STATE OF WASHINGTON
DEPARTMENT OF SOCIAL AND HEALTH SERVICES
DIVISION OF CHILD SUPPORT (DCS)

# ਮਿਆਦ ਬੰਨ੍ਹਣ ਦੇ ਕਾਨੂੰਨ ਦੀ ਛੋਟ

**Waiver of Statute of Limitations**

ਹਰ ਮਹੀਨੇ ਭੁਗਤਾਨ ਨਾ ਕੀਤੀ ਗਈ ਬਾਲ ਸਹਾਇਤਾ ਅਦਾਲਤੀ ਫ਼ੈਸਲਾ ਬਣ ਜਾਂਦੀ ਹੈ। ਮਿਆਦ ਬੰਨ੍ਹਣ ਦਾ ਕਾਨੂੰਨ ਸਮੇਂ ਦੀ ਮਿਆਦ ਤੈਅ ਕਰਦਾ ਹੈ, ਜਿਸ ਦੌਰਾਨ ਫ਼ੈਸਲਾ ਲਾਗੂ ਕੀਤਾ ਜਾ ਸਕਦਾ ਹੈ ਜਾਂ ਰਕਮ ਵਸੂਲੀ ਜਾ ਸਕਦੀ ਹੈ। ਮਿਆਦ ਬੰਨ੍ਹਣ ਦਾ ਕਾਨੂੰਨ ਜਾਰੀ ਰਹਿਣ ਤੋਂ ਬਾਅਦ ਕਰਜ਼ਾ "ਖ਼ਤਮ ਹੋ ਜਾਂਦਾ ਹੈ" ਅਤੇ ਹੁਣ ਲਾਗੂ ਨਹੀਂ ਕੀਤਾ ਜਾ ਸਕਦਾ। ਬਾਲ-ਸਹਾਇਤਾ ਕਰਜ਼ੇ ਲਈ ਮਿਆਦ ਬੰਨ੍ਹਣ ਦਾ ਕਾਨੂੰਨ ਕਈ ਕਾਰਕਾਂ 'ਤੇ ਨਿਰਭਰ ਕਰ ਸਕਦਾ ਹੈ, ਜਿਵੇਂ ਸਹਾਇਤਾ ਆਦੇਸ਼ ਦੀ ਤਾਰੀਖ਼ ਦਰਜ ਕੀਤੀ ਗਈ ਸੀ, ਜਿੱਥੇ ਸਹਾਇਤਾ ਆਦੇਸ਼ ਦਰਜ ਕੀਤਾ ਗਿਆ ਸੀ ਅਤੇ ਲਾਗੂ ਕਰਨ ਦੀ ਕਾਰਵਾਈ ਕਿਸ ਸਟੇਟ ਵਿੱਚ ਹੁੰਦੀ ਹੈ। ਆਪਣੇ ਸਹਾਇਤਾ ਕਰਜ਼ੇ ਦੀ ਸਥਿਤੀ ਅਤੇ ਮਿਆਦ ਬੰਨ੍ਹਣ ਦੇ ਕਾਨੂੰਨ ਬਾਰੇ ਤੁਸੀਂ ਕਾਨੂੰਨੀ ਸਲਾਹ ਲੈਣਾ ਚਾਹ ਸਕਦੇ ਹੋ, ਜੋ ਤੁਹਾਡੇ ਸਹਾਇਤਾ ਆਦੇਸ਼ 'ਤੇ ਲਾਗੂ ਹੋ ਸਕਦੀ ਹੈ।

**ਛੋਟ**

ਘਟਾਏ ਗਏ ਜਾਂ ਮੁਲਤਵੀ ਕੀਤੇ ਗਏ ਪਲਾਨ ਨੂੰ ਧਿਆਨ ਵਿੱਚ ਰੱਖਦਿਆਂ, ਬਾਲ ਸਹਾਇਤਾ, ਜਿਸਦਾ ਮੈਂ ਦੇਣਦਾਰ ਹਾਂ, ਦੀ ਵਸੂਲੀ ਲਈ ਮਿਆਦ ਬੰਨ੍ਹਣ ਦੇ ਕਾਨੂੰਨ ਦੀ ਕਿਸੇ ਵੀ ਰਾਖੀ ਦੀ ਛੋਟ ਲਈ ਮੈਂ ਸਹਿਮਤ ਹਾਂ। ਜੇ ਮੈਂ ਇਸ ਛੋਟ ਵਿੱਚ ਦਿੱਤੇ ਗਏ ਨਾਂ ਵਾਲੇ ਕਿਸੇ ਬੱਚਿਆਂ ਦੇ ਦੂਜੇ ਮਾਤਾ-ਪਿਤਾ ਲਈ ਵਿਆਹੁਤਾ ਮਦਦ ਲਈ ਦੇਣਦਾਰ ਹਾਂ, ਤਾਂ ਇਸ ਛੋਟ ਦਾ ਉਸ ਮਾਤਾ-ਪਿਤਾ ਲਈ ਵਿਆਹੁਤਾ ਮਦਦ ਸਬੰਧੀ ਦੇਣਦਾਰੀ 'ਤੇ ਵੀ ਅਸਰ ਪੈਂਦਾ ਹੈ। ਇਹ ਛੋਟ ਹੇਠਾਂ ਦਿੱਤੇ ਬੱਚਿਆਂ ਲਈ ਮੇਰੇ ਸਹਾਇਤਾ ਕਰਜ਼ੇ 'ਤੇ ਅਸਰ ਪਾਉਂਦੀ ਹੈ:

ਇਹ ਛੋਟ ਇਸ 'ਤੇ ਲਾਗੂ ਹੁੰਦੀ ਹੈ:

1. ਕੋਈ ਵੀ ਸਹਾਇਤਾ ਕਰਜ਼ਾ, ਜੋ ਇਸ ਵੇਲੇ ਜਾਂ ਭਵਿੱਖ ਵਿੱਚ ਦੇਣਾ ਹੈ। ਜੇ ਆਦੇਸ਼ ਦਿੱਤਾ ਗਿਆ ਹੈ, ਇਸ ਵਿਚ ਬਾਲ-ਸਹਾਇਤਾ, ਬਾਲ ਸੰਭਾਲ ਸਹਾਇਤਾ, ਮੈਡੀਕਲ ਸਹਾਇਤਾ ਅਤੇ ਵਿਆਹੁਤਾ ਸਹਾਇਤਾ (ਖ਼ਰਚਾ) ਅਤੇ ਜੇ DCS ਮੇਰੀ ਬਾਲ-ਸਹਾਇਤਾ ਨੂੰ ਲਾਗੂ ਕਰ ਰਹੀ ਹੈ, ਸ਼ਾਮਿਲ ਹੁੰਦੀ ਹੈ।
2. RCW 4.16.020, RCW 4.56.210 ਜਾਂ RCW 6.17.020 ਵਲੋਂ ਮਿਆਦ ਬੰਨ੍ਹਣ ਦੇ ਕਿਸੇ ਵੀ ਕਾਨੂੰਨ ਦੀ ਰਾਖੀ ਤਿਆਰ ਕੀਤੀ ਗਈ ਹੈ।
3. ਵਾੱਸ਼ਿੰਗਟਨ ਸਟੇਟ ਦਾ ਕੋਈ ਵੀ ਕਾਨੂੰਨ ਜਾਂ ਕਿਸੇ ਹੋਰ ਸਟੇਟ ਦਾ ਕਾਨੂੰਨ, ਉਸ ਸਮੇਂ ਨੂੰ ਸੀਮਤ ਕਰਦਾ ਹੈ, ਜਿਸ ਹੇਠ DCS ਮੇਰੇ ਸਹਾਇਤਾ ਕਰਜ਼ੇ ਦੀ ਵਸੂਲੀ ਕਰ ਸਕਦੀ ਹੈ।

ਇਹ ਛੋਟ, ਇਸ ਸਮੇਂ ਕਿਸੇ ਵੀ ਕਾਨੂੰਨ ਰਾਹੀਂ ਪਾਬੰਦੀ ਲਾਏ ਗਏ ਕਿਸੇ ਫ਼ੈਸਲਿਆਂ ਨੂੰ ਮੁੜ-ਸੁਰਜੀਤ ਨਹੀਂ ਕਰਦੀ। ਮਿਆਦ ਬੰਨ੍ਹਣ ਦੇ ਕਾਨੂੰਨ ਕਰਕੇ, DCS ਪਹਿਲਾਂ ਦੇ ਖੁੰਝੇ ਹੋਏ ਕਿਸੇ ਸਹਾਇਤਾ ਕਰਜ਼ੇ ਦੀ ਵਸੂਲੀ ਨਹੀਂ ਕਰ ਸਕਦੀ। ਇਹ ਛੋਟ, ਮੈਨੂੰ ਮੇਰੀ ਪੂਰੀ ਮੌਜੂਦਾ ਸਹਾਇਤਾ ਜ਼ਿੰਮੇਵਾਰੀ ਤੋਂ ਘੱਟ ਰਕਮ ਦਾ ਭੁਗਤਾਨ ਕਰਨ ਦੀ ਆਗਿਆ ਨਹੀਂ ਦਿੰਦੀ।

ਇਹ ਛੋਟ DCS ਨੂੰ ਉਸ ਸਮੇਂ ਤੱਕ ਵਸੂਲੀ ਕਰਨ ਦੀ ਆਗਿਆ ਦਿੰਦਾ ਹੈ, ਜਦ ਤੱਕ ਮੈਂ ਆਪਣੇ ਸਹਾਇਤਾ ਕਰਜ਼ੇ ਦਾ ਪੂਰਾ ਭੁਗਤਾਨ ਨਹੀਂ ਕਰਦਾ। ਇਹ ਛੋਟ, ਮਿਆਦ ਬੰਨ੍ਹਣ ਦੇ ਕਾਨੂੰਨ ਕਰਕੇ ਖੁੰਝੇ ਹੋਏ ਸਹਾਇਤਾ ਕਰਜ਼ੇ ਨੂੰ ਰਾਖਵਾਂ ਕਰਦੀ ਹੈ। RCW 74.20A.220 ਮੈਨੂੰ ਇਹ ਛੋਟ ਦੇਣ ਦੀ ਆਗਿਆ ਦਿੰਦਾ ਹੈ।

ਜਦ ਤੱਕ DCS ਇਸ ਬਾਰੇ ਲਿਖਤ ਵਿੱਚ ਨਹੀਂ ਦਿੰਦੀ, ਇਹ ਛੋਟ ਲਾਗੂ ਰਹਿੰਦੀ ਹੈ।

ਸਾਈਨ ਇਨ ________________________________, ਵਾੱਸ਼ਿੰਗਟਨ।

______________________ ______________________
ਤਾਰੀਖ਼ ਦਸਤਖ਼ਤ

ਇਸ ਪਤੇ 'ਤੇ ਵਾਪਸ ਭੇਜੋ:

DIVISION OF CHILD SUPPORT
PO BOX 11520
TACOMA WA 98411-4420
ਫ਼ੈਕਸ: 866-668-9518

ਜਵਾਬ ਵਿੱਚ, ਕੇਸ ਨੰਬਰਾਂ ਦਾ ਹਵਾਲਾ ਦਿਓ:

ਰੋਜ਼ਗਾਰ, ਸੇਵਾਵਾਂ ਜਾਂ ਪ੍ਰੋਗਰਾਮ ਦੀਆਂ ਸਰਗਰਮੀਆਂ ਦੇ ਕਿਸੇ ਵੀ ਪੱਖ ਵਿੱਚ ਨਸਲ, ਰੰਗ, ਰਾਸ਼ਟਰੀ ਮੂਲ, ਧਰਮ-ਸਿਧਾਂਤ, ਧਰਮ, ਲਿੰਗ, ਉਮਰ ਜਾਂ ਅਸਮਰੱਥਾ ਦੇ ਅਧਾਰ 'ਤੇ ਕਿਸੇ ਵੀ ਵਿਅਕਤੀ ਨਾਲ ਵਿਤਕਰਾ ਨਹੀਂ ਕੀਤਾ ਜਾਏਗਾ। ਬੇਨਤੀ ਕੀਤੇ ਜਾਣ 'ਤੇ ਇਹ ਫ਼ਾਰਮ ਬਦਲਵੇਂ ਰੂਪਾਂ ਵਿਚ ਉਪਲਬਧ ਹੈ।